# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 17-02-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਵਿਸ਼ਵ, ਚੁਗਿਰਦੇ ਅਤੇ ਸ਼ਕਤੀਕਰਨ ਲਈ ਫੈਸ਼ਨ ਦੇ ਦ੍ਰਿਸ਼ਟੀਕੋਣ ਨੂੰ ਅਪਣਾ ਰਿਹਾ ਏ ਅਤੇ ਭਾਰਤ ਇਸ ਸਬੰਧ ਵਿੱਚ ਅਗਵਾਈ ਕਰ ਸਕਦਾ ਏ। ਖਾਦੀ, ਕਬਾਇਲੀ ਟੈਕਸਟਾਈਲ ਅਤੇ ਕੁਦਰਤੀ ਰੰਗਾਂ ਦੀ ਵਰਤੋਂ ਵਰਗੀਆਂ ਮਿਸਾਲਾਂ ਦਾ ਹਵਾਲਾ ਦਿੰਦੇ ਹੋਏ, ਓਹਨਾਂ ਇਸ ਗੱਲ ਵਲ ਧਿਆਨ ਦਿਵਾਇਆ ਕਿ ਨਿਰੰਤਰਤਾ ਹਮੇਸ਼ਾਂ ਭਾਰਤੀ ਕਪੜਾ ਰਵਾਇਤ ਦਾ ਇੱਕ ਅਨਿੱਖੜਵਾਂ ਅੰਗ ਰਹੀ ਏ । ਬੀਤੀ ਸ਼ਾਮ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਭਾਰਤ ਟੈਕਸ 2025 ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੀਆਂ ਰਵਾਇਤੀ ਨਿਰੰਤਰ ਰਹਿਣ ਯੋਗ ਤਕਨੀਕਾਂ ਨੂੰ ਹੁਣ ਅਤਿ-ਆਧੁਨਿਕ ਤਕਨੀਕਾਂ ਨਾਲ ਬਿਹਤਰ ਬਣਾਇਆ ਜਾ ਰਿਹਾ ਏ, ਜਿਸ ਨਾਲ ਕਾਰੀਗਰਾਂ, ਬੁਨਕਰਾਂ ਅਤੇ

ਸਨਅਤ ਨਾਲ ਜੁੜੀਆਂ ਲੱਖਾਂ ਔਰਤਾਂ ਨੂੰ ਲਾਭ ਹੋ ਰਿਹਾ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ, ਸਰਕਾਰ ਦਾ ਟੀਚਾ 2030 ਤੱਕ ਟੈਕਸਟਾਈਲ ਬਰਾਮਦ ਨੂੰ ਮੌਜੂਦਾ ਤਿੰਨ ਲੱਖ ਕਰੋੜ ਰੁਪਏ ਤੋਂ ਵਧਾ ਕੇ 9 ਲੱਖ ਕਰੋੜ ਰੁਪਏ ਕਰਨ ਦਾ ਏ . ਉਨ੍ਹਾਂ ਕਿਹਾ ਕਿ ਭਾਰਤ ਅੱਜ ਛੇਵਾਂ ਸਭ ਤੋਂ ਵੱਡਾ ਟੈਕਸਟਾਈਲ ਅਤੇ ਤਿਆਰ ਵਸਤਰਾਂ ਦਾ ਬਰਾਮਦਕਾਰ ਏ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਸਰਕਾਰ ਟੈਕਸਟਾਈਲ ਸੈਕਟਰ ਲਈ ਹੁਨਰਮੰਦ ਲੋਕਾਂ ਦਾ ਪੂਲ ਬਣਾਉਣ 'ਤੇ ਕੰਮ ਕਰ ਰਹੀ ਏ।

---------------------------------------------------------------------------

ਉਪ-ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਸ਼੍ਰੀ ਜਗਦੀਪ ਧਨਖੜ, ਨੇ ਅੱਜ ਮੋਹਾਲੀ ਵਿਖੇ ਬ੍ਰਿਕ-ਨੈਸ਼ਨਲ ਐਗਰੀ-ਫੂਡ ਐਂਡ ਬਾਇਓ-ਮੈਨਿਊ-ਫੈਕਚਰਿੰਗ ਇੰਸਟੀਚਿਊਟ, BRIC-NABI ਦਾ ਦੌਰਾ ਕੀਤਾ। ਉਹ ਫੰਕਸ਼ਨਲ ਫੂਡਜ਼, ਨਿਊਟਰਾ-ਸਿਊਟੀਕਲਜ਼ ਅਤੇ ਉਨ੍ਹਾਂ ਦੀ ਸੁਰੱਖਿਆ 'ਤੇ ਐਡਵਾਂਸਡ ਐਂਟਰ-ਪ੍ਰੀਨਿਓਰ-ਸ਼ਿਪ ਸਕਿਲ ਡਿਵੈਲਪਮੈਂਟ ਪ੍ਰੋਗਰਾਮ (ਏ-ਈਐਸਡੀਪੀ) ਦੇ ਉਦਘਾਟਨ ਮੌਕੇ ਮੁੱਖ ਮਹਿਮਾਨ ਸਨ।

ਇਸ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਬੂਟਾ ਵੀ ਲਾਇਆ. ਆਪਣੇ ਸੰਬੋਧਨ ਵਿੱਚ, ਉਪ – ਰਾਸ਼ਟਰਪਤੀ ਧਨਖੜ ਨੇ ਸਭ ਤੋਂ ਪਹਿਲਾਂ ਮੌਜੂਦਾ

ਕਿਸਮਾਂ ਨੂੰ ਮਜ਼ਬੂਤ ਕਰਨ ਲਈ ਤਕਨਾਲੋਜੀ ਦੀ ਆਧੁਨਿਕ ਵਰਤੋਂ ਨਾਲ ਭੋਜਨ ਸੁਰੱਖਿਆ ਵਿੱਚ ਦੇਸ਼ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ BRICNABI ਮੋਹਾਲੀ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਓਹਨਾਂ BRIC-NABI ਨੂੰ IIT ਅਤੇ IIM ਦੇ ਬਰਾਬਰ ਮਹੱਤਵ ਦਿੱਤਾ ਕਿਉਂਕਿ ਇਹ 14 ਕਰੋੜ ਭਾਰਤੀਆਂ ਲਈ ਭੋਜਨ ਦੀਆਂ ਕਈ ਗੁਣਾਂ ਮੰਗਾਂ ਨੂੰ ਪੂਰਾ ਕਰਦਿਆਂ ਭਾਰਤ ਨੂੰ ਵਿਕਸਿਤ ਭਾਰਤ ਬਣਾਉਣ ਦਾ ਨੇਕ ਕਾਜ ਕਰ ਰਿਹਾ ਏ. ਉਨ੍ਹਾਂ ਨੇ ਅੱਜ ਦੇ ਉਦਮ ਸ਼ੀਲਤਾ ਹੁਨਰ ਵਿਕਾਸ ਲਈ ਕੀਤੇ ਉਦਘਾਟਨ ਦੀ ਪ੍ਰਸ਼ੰਸਾ ਕੀਤੀ ਜੋ ਕਿ ਪਿੰਡਾਂ ਦੇ ਲੋਕਾਂ ਲਈ ਲੋੜੀਂਦਾ ਏ ਕਿਉਂਕਿ ਭੋਜਨ ਪਿੰਡਾਂ ਵਿੱਚ ਰਹਿਣ ਵਾਲੇ ਕਿਸਾਨਾਂ ਵੱਲੋਂ ਪੈਦਾ ਕੀਤਾ ਜਾਂਦਾ ਏ ਅਤੇ ਜੇਕਰ ਓਹ ਖੇਤੀਬਾੜੀ ਨਾਲ ਜੁੜੇ ਕਿੱਤਿਆਂ ਵਿਚ ਹੁਨਰਮੰਦ ਹੁੰਦੇ ਨੇ ਤਾਂ ਉਹਨਾਂ ਦੇ ਜੀਵਨ ਦੀ ਕਾਇਆਪਲਟ ਹੋਏਗੀ ਅਤੇ ਭਾਰਤ ਦੀ ਸਥਿਤੀ ਵੀ ਬਿਹਤਰ ਬਣੇਗੀ. ਓਹ੍ਨਾ ਨੇ ਭਾਰਤ ਦੇ ਕਿਸਾਨਾਂ ਨੂੰ ਮੋਟੇ ਅਨਾਜਾਂ ਦੀ ਫਸਲੀ ਭਿੰਨਤਾ ਲਈ ਉਤਸ਼ਾਹਿਤ ਕਰਨ ਵਾਸਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਵੀ

ਧੰਨਵਾਦ ਕੀਤਾ ਕਿਉਂਕਿ ਇਸਨੂੰ ਯੋਗ ਦੀ ਤਰ੍ਹਾਂ ਹੀ ਸੰਯੁਕਤ ਰਾਸ਼ਟਰ ਵੱਲੋਂ ਮਾਨਤਾ ਦਿੱਤੀ ਗਈ ਏ.

---------------------------------------------------------------------------

ਅਮਰੀਕਾ ਤੋਂ 112 ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨਾਲ ਇੱਕ ਹੋਰ ਉਡਾਣ ਬੀਤੀ ਰਾਤ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੀ। ਇਹ ਦੂਜੀ ਅਜਿਹੀ ਉਡਾਨ ਏ ਜੋ 24 ਘੰਟਿਆਂ ਦੇ ਅੰਦਰ ਪਹੁੰਚੀ ਏ ਅਤੇ ਪਿਛਲੇ 10 ਘੰਟਿਆਂ ਵਿੱਚ ਤੀਜੀ ਉਡਾਣ ਏ ਜੋ ਗੈਰ-ਕਾਨੂੰਨੀ ਤਰੀਕਿਆਂ ਨਾਲ ਅਮਰੀਕਾ ਵਿੱਚ ਦਾਖਲ ਹੋਏ ਜਾਂ ਕਾਨੂੰਨੀ ਤੌਰ 'ਤੇ ਅਮਰੀਕਾ ਭੇਜਣ ਦੇ ਬਹਾਨੇ ਟਰੈਵਲ ਏਜੰਟਾਂ ਵੱਲੋਂ ਧੋਖਾਧੜੀ ਦਾ ਸ਼ਿਕਾਰ ਹੋਣ ਵਾਲੇ ਭਾਰਤੀਆਂ ਨੂੰ ਦੇਸ਼ ਵਾਪਿਸ ਲੈ ਕੇ ਆਈ ਏ । ਹੁਣ ਤੱਕ 300 ਤੋਂ ਵੱਧ ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਏ । ਇਸ ਵਾਰੀ ਵਾਪਿਸ ਭੇਜੇ ਗਏ ਭਾਰਤੀਆਂ'ਚ ਪੰਜਾਬ ਦੇ 30 ਤੋਂ ਵੱਧ, ਹਰਿਆਣਾ ਦੇ 40 ਤੋਂ ਵੱਧ ਤੇ ਨਾਲ ਹੀ ਗੁਜਰਾਤ, ਉੱਤਰ – ਪ੍ਰਦੇਸ਼, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਤੋਂ ਹੋਰ ਸ਼ਾਮਲ ਨੇ. ਅਧਿਕਾਰਿਕ ਹਲਕਿਆਂ ਦੇ ਹਵਾਲੇ ਨਾਲ ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਦੱਸਿਆ ਏ ਕਿ 23 ਪਰਵਾਸੀ

ਔਰਤਾਂ ਦੇ ਨਾਲ 14 ਬੱਚੇ, ਜਿਹਨਾਂ'ਚ ਮੁੰਡੇ ਅਤੇ ਕੁੜੀਆਂ ਦੋਵੇਂ ਸ਼ਾਮਿਲ ਨੇ, ਓਹ ਵੀ ਆਏ ਨੇ. ਇਹਨਾਂ ਨੂੰ ਦੇਸ਼ ਵਾਪਿਸ ਭੇਜਿਆ ਜਾਣਾ, ਅਮਰੀਕਾ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਦੇਸ਼ ਵਿੱਚ ਦਾਖਲ ਹੋਣ ਵਾਲੇ ਵਿਅਕਤੀਆਂ 'ਤੇ ਚੱਲ ਰਹੀ ਕਾਰਵਾਈ ਦਾ ਹਿੱਸਾ ਏ । ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਏ ਕਿ ਉਹ ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਾਪਿਸ ਭੇਜੇ ਜਾਣ ਤੋਂ ਸਬਕ ਲੈਣ ਅਤੇ ਗਲਤ ਤਰੀਕਿਆਂ ਨਾਲ ਵਿਦੇਸ਼ ਜਾਣ ਦੀ ਸੋਚ ਨੂੰ ਤਿਆਗ ਕੇ ਆਪਣੇ ਜੱਦੀ ਸੂਬੇ ਨੂੰ ਦੇਸ਼ ਦਾ ਮੋਹਰੀ ਬਣਾਉਣ ਲਈ ਸਖ਼ਤ ਮਿਹਨਤ ਕਰਨ। <><>

-------------------------------------------------------------------

ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਵੱਡੀ ਕਾਰਵਾਈ ਕਰਦਿਆਂ, ਜਲੰਧਰ ਦਿਹਾਤੀ ਪੁਲਿਸ ਨੇ ਮਕਸੂਦਾ ਇਲਾਕੇ ਵਿੱਚ ਇੱਕ ਵਿਸ਼ੇਸ਼ ਮੁਹਿੰਮ ਦੌਰਾਨ ਇੱਕ ਮਹਿਲਾ ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰਕੇ 4.8 ਕਿਲੋਗ੍ਰਾਮ ਗਾਂਜਾ ਬਰਾਮਦ ਕੀਤਾ ਏ । ਜਲੰਧਰ ਦਿਹਾਤੀ ਪੁਲਿਸ ਦੇ ਸੀਨੀਅਰ ਕਪਤਾਨ, ਹਰ-ਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ

ਕਿ "ਵਿਸ਼ੇਸ਼ ਭਰੋਸੇਯੋਗ ਸੂਹ ਦੇ ਆਧਾਰ 'ਤੇ, ਇੱਕ ਵਿਸ਼ੇਸ਼ ਪੁਲਿਸ ਟੀਮ ਨੇ ਅਮਾਨਤਪੁਰ ਇਲਾਕੇ ਦੇ ਪਿੰਡ ਸਰਾਏਖਾਸ ਵਿੱਚ ਇੱਕ ਵਿਸ਼ੇਸ਼ ਭਾਲ ਕਾਰਵਾਈ ਕੀਤੀ. ਟੀਮ ਨੇ ਇੱਕ ਸ਼ੱਕੀ ਪਲਾਸਟਿਕ ਦੇ ਥੈਲੇ ਨਾਲ ਮੁਲਜ਼ਮ ਨੂੰ ਰੋਕਿਆ। ਤਲਾਸ਼ੀ ਲੈਣ 'ਤੇ, ਉਸ ਦੇ ਕੋਲੋਂ 4.8 ਕਿਲੋਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ," ਐਸ.ਐਸ.ਪੀ.ਥਾਣਾ ਮਕਸੂਦਾ ਵਿਖੇ ਐਨ.ਡੀ.ਪੀ.ਐਸ ਦੀਆਂ ਵਖ – ਵਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਏ. ਮੁਲਜ਼ਮ ਨੂੰਗ੍ਰਿਫ਼ਤਾਰ ਕਰ ਲਿਆ ਗਿਆ ਏ ਅਤੇ ਉਸ ਦਾ ਪੁਲੀਸ ਰਿਮਾਂਡ ਲੈਣ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਹ ਕਾਰਵਾਈ ਜਲੰਧਰ ਦਿਹਾਤੀ ਪੁਲਿਸ ਵੱਲੋਂ ਇਸ ਇਲਾਕੇ ਵਿੱਚ ਨਸ਼ਿਆਂ ਦੀ ਤਸਕਰੀ ਵਿਰੁੱਧ ਜਾਰੀ ਸਰਗਰਮ ਮੁਹਿੰਮ ਦਾ ਹਿੱਸਾ ਏ । ਐਸਐਸਪੀ ਖੱਖ ਨੇ ਕਿਹਾ ਏ ਕਿ “ਜਲੰਧਰ ਦਿਹਾਤੀ ਪੁਲਿਸ ਸਮਾਜ ਵਿੱਚੋਂ ਨਸ਼ਾਖੋਰੀ ਦੇ ਖਾਤਮੇ ਲਈ ਵਚਨਬੱਧ ਏ ਅਤੇ ਨਸ਼ੀਲੇ ਪਦਾਰਥਾਂ ਦੇ ਗੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰੱਖੇਗੀ”।